# ECHO OF HIS CALL

## ਬੁਲਾਵੇ ਦੀ ਗੂੰਜ

PUNJABI

₹ 10/-

India's National Spiritual Newspaper

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Pr. SHIVINDER KUMAR

VOL. XXVI | YEAR OF OUR LORD JESUS CHRIST, 2026 FEBRUARY | No. 09

### ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 34:15-22

15 ਯਹੋਵਾਹ ਦੀਆਂ ਅੱਖੀਆਂ ਧਰਮੀਆਂ
ਉੱਤੇ,ਅਤੇ ਉਹ ਦੇ ਕੰਨ ਉਨ੍ਹਾਂ ਦੀ ਦੁਹਾਈ
ਵੱਲ ਹਨ।
16.ਯਹੋਵਾਹ ਦਾ ਮੂੰਹ ਕੁਕਰਮੀਆਂ ਦੇ ਵਿਰੁੱਧ
ਹੈ,ਭਈ ਉਨ੍ਹਾਂ ਦੀ ਯਾਦ ਧਰਤੀ ਤੋਂ ਮਿਟਾ ਸੁੱਟੇ।
17.ਧਰਮੀ ਦੁਹਾਈ ਦਿੰਦੇ ਹਨ ਅਤੇ ਯਹੋਵਾਹ
ਸੁਣਦਾ ਹੈ,ਅਤੇ ਉਨ੍ਹਾਂ ਨੂੰ ਸਾਰਿਆਂ ਦੁੱਖਾਂ ਤੋਂ
ਛੁਡਾਉਂਦਾ ਹੈ।
18.ਯਹੋਵਾਹ ਟੁੱਟੇ ਦਿਲ ਵਾਲਿਆਂ ਦੇ ਨੇੜੇ
ਹੈ,ਅਤੇ ਕੁਚਲਿਆਂ ਆਤਮਾਂ ਵਾਲਿਆਂ ਨੂੰ
ਬਚਾਉਂਦਾਹੈ।
19.ਧਰਮੀ ਉੱਤੇ ਬਹੁਤ ਸਾਰੀਆਂ ਮੁਸੀਬਤਾਂ
ਪੈਂਦੀਆਂ ਹਨ,ਪਰ ਯਹੋਵਾਹ ਉਨ੍ਹਾਂ ਸਭਨਾਂ ਤੋਂ
ਉਸ ਨੂੰ ਛੁਡਾਉਂਦਾ ਹੈ
20.ਉਹ ਉਸ ਦੀਆਂ ਸਾਰੀਆਂ ਹੱਡੀਆਂ ਦਾ
ਰਾਖਾ ਹੈ, ਉਨ੍ਹਾਂ ਵਿੱਚੋਂ ਇੱਕ ਵੀ ਨਹੀਂ ਤੋੜੀ
ਜਾਂਦੀ।
21.ਬੁਰਿਆਈ ਦੁਸ਼ਟਾਂ ਨੂੰ ਮਾਰ ਸੁੱਟੇਗੀ,ਅਤੇ
ਧਰਮੀ ਦੇ ਘਿਣ ਕਰਨ ਵਾਲੇ ਦੋਸ਼ੀ
ਠਹਿਰਨਗੇ।
22.ਯਹੋਵਾਹ ਆਪਣੇ ਸੇਵਕਾਂ ਦੀ ਜਾਨ ਦਾ
ਮੁੱਲ ਦਿੰਦਾ ਹੈ,ਅਤੇ ਉਸ ਦੇ ਸਾਰੇ
ਸ਼ਰਨਾਰਥੀਆਂ
ਵਿੱਚੋਂ ਕੋਈ ਦੋਸ਼ੀ ਨਹੀਂ ਠਹਿਰੇਗਾ।।

## ਤੁਹਾਡਾ ਸੰਪੂਰਨ ਸਮਰਪਣ ਭਰਪੂਰ ਅਸੀਸ ਦੇ ਵੱਲ ਅਗੁਆਈ ਕਰੇਗਾ।

**YOUR COMPLETE SURRENDER WILL LEAD TO ABUNDANT BLESSINGS!**

### ਭੈਣ ਏਂਜਲ





ਸਾਡੇ ਪ੍ਰਭੂ ਯਿਸੂ ਮਸੀਹ ਦੇ ਅਨਮੋਲ ਨਾਮ ਵਿੱਚ ਸ਼ੁਭਕਾਮਨਾਵਾਂ।

ਮੈਨੂੰ ਵਿਸ਼ਵਾਸ ਹੈ ਅਤੇ ਪ੍ਰਾਰਥਨਾ ਹੈ ਕਿ ਤੁਹਾਡਾ ਇੱਕ ਧੰਨ ਜਨਵਰੀ ਅਤੇ ਸਾਲ ਦੀ ਸ਼ੁਰੂਆਤ ਇੱਕ ਮਜ਼ਬੂਤ ਹੋਵੇ। ਬਹੁਤ ਸਾਰੇ ਲੋਕਾਂ ਲਈ, ਜਨਵਰੀ ਵੱਖ-ਵੱਖ ਤਰੀਕਿਆਂ ਨਾਲ ਇੱਕ ਚੁਣੌਤੀਪੂਰਨ ਮਹੀਨਾ ਹੋ ਸਕਦਾ ਹੈ। ਮੇਰੀ ਪ੍ਰਾਰਥਨਾ ਹੈ ਕਿ ਪਰਮੇਸ਼ੁਰ ਦੀ ਤਾਕਤ ਤੁਹਾਨੂੰ 2026 ਵਿੱਚ ਅੱਗੇ ਵਧਣ ਵਿੱਚ ਸਹਾਇਤਾ ਕਰਦੀ ਰਹੇ।

ਇੱਕ ਚੰਗੀ ਸ਼ੁਰੂਆਤ ਮਹੱਤਵਪੂਰਨ ਹੈ, ਪਰ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਇਹ ਹੈ ਕਿ ਅਸੀਂ ਕਿਵੇਂ ਖਤਮ ਕਰਦੇ ਹਾਂ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਪ੍ਰਭੂ ਇਸ ਸਾਲ ਨੂੰ ਮਸੀਹ ਯਿਸੂ ਵਿੱਚ ਫਲਦਾਇਕ ਅਤੇ ਜੇਤੂ ਬਣਾਏ, ਅਤੇ 2026 ਦਾ ਅੰਤ ਇਸਦੀ ਸ਼ੁਰੂਆਤ ਨਾਲੋਂ ਵਧੇਰੇ ਸ਼ਾਨਦਾਰ ਅਤੇ ਮੁਬਾਰਕ ਹੋਵੇ।

.....ਸਫਾ ਨੰਬਰ 3 ਤੋਂ ਜਾਰੀ ਹੈ

ਬੁਲਾਵੇ ਦੀ ਗੂੰਜ



## ਮਸੀਹੀ ਯੂ-ਟਯੂਬ ਚੈਨਲ

ਪਾ. ਸੈਮ ਸੇਲਵਾ ਰਾਜ ਦੇ ਨਾਲ ਪ੍ਰਾਥਨਾ ਕਰਨ ਦਾ ਇੱਕ ਮੌਕਾ!

**ਸੰਦੇਸ਼ ਅਤੇ ਪ੍ਰਾਥਨਾ 2 ਮਿੰਟ ਵਿੱਚ!!**

ਅੰਗ੍ਰੇਜ਼ੀ,ਹਿੰਦੀ,ਤਮਿਲ,ਅਤੇ ਤੇਲਗੂ

**ਅਤੇ**

ਤਮਿਲ ਅਤੇ ਅੰਗ੍ਰੇਜ਼ੀ ਸੰਦੇਸ਼ ਅਤੇ ਪ੍ਰਾਰਥਨਾ

ਐਤਵਾਰ ਸਭਾ – 8.30 ਸਵੇਰੇ ਅਤੇ 6:00 ਬਜੇ ਸ਼ਾਮ

★ Please Subscribe and Share ★

# ਬੁਲਾਵੇ ਦੀ ਗੂੰਜ -(60ਵੇਂ ਸਾਲ ਲਈ ਅੱਗੇ ਵਧਦੇ ਹੋਏ )

Estd. 1969



## *from your dearly beloved brother...*



## ਯਹੋਵਾਹ ਤੁਹਾਨੂੰ ਸਿਰ ਠਹਿਰਾਵੇਗਾ ਪਰ ਪੂਛ ਨਹੀਂ

\- ਬਿਵਸਥਾ ਸਾਰ 28:13

ਪ੍ਰਭੂ ਵਿੱਚ ਅਜ਼ੀਜ ਪਿਆਰਿਓ,

ਅਸੀਂ ਤੁਹਾਨੂੰ ਸਾਰਿਆਂ ਨੂੰ ਆਪਣੇ ਪ੍ਰਭੂ ਅਤੇ ਮੁਕਤੀਦਾਤਾ, ਯਿਸੂ ਮਸੀਹ ਦੇ ਅਨਮੋਲ ਨਾਮ ਵਿੱਚ ਸਲਾਮ ਕਰਦੇ ਹਾਂ! ਪ੍ਰਭੂ ਨੇ ਪਿਛਲੇ ਮਹੀਨੇ ਸਾਡੀਆਂ ਸਾਰੀਆਂ ਸੇਵਕਾਈਆਂ ਨੂੰ ਫ਼ਜ਼ਲ ਨਾਲ ਅਸੀਸ ਦਿੱਤੀ ਹੈ। ਜਿਵੇਂ ਹੀ ਅਸੀਂ ਇਸ ਮਹੀਨੇ ਵਿੱਚ ਦਾਖਲ ਹੁੰਦੇ ਹਾਂ, ਸਾਡੇ ਕੋਲ ਬਹੁਤ ਸਾਰੀਆਂ ਬਾਹਰੀ ਅਤੇ ਸਥਾਨਕ ਸੇਵਕਾਈਆਂ ਪੂਰਤੀ ਦੀ ਉਡੀਕ ਕਰ ਰਹੀਆਂ ਹਨ।



**ਸੇਂਟ ਪੌਲ ਮੈਟ੍ਰਿਕ ਸਕੂਲ ਵਿਖੇ ਕ੍ਰਿਸਮਸ ਸਮਾਗਮ**

ਸਾਡੇ ਸਕੱਤਰ, ਡਾ. ਪੀ. ਈ. ਆਰ. ਪ੍ਰੇਮਚੰਦ ਨੇ ਸੇਂਟ ਪੌਲ ਮੈਟ੍ਰਿਕ ਸਕੂਲ ਵਿਖੇ ਆਯੋਜਿਤ ਕ੍ਰਿਸਮਸ ਸਮਾਗਮ ਵਿੱਚ ਬਚਨ ਦੀ ਸੇਵਾ ਕੀਤੀ। ਇਸ ਤੋਂ ਇਲਾਵਾ, ਸਾਡੇ ਨਹਮਯਾਹ ਬਾਈਬਲ ਕਾਲਜਾਂ ਦੇ ਵਿਦਿਆਰਥੀਆਂ ਅਤੇ ਸਾਡੀ ਕਲੀਸਿਯਾ ਦੇ ਵਿਸਵਾਸੀਆਂ ਦੁਆਰਾ ਦਸੰਬਰ ਦੇ ਮਹੀਨੇ ਦੌਰਾਨ ਵੱਖ-ਵੱਖ ਬਾਹਰ ਪਹੁੰਚਦੇ ਹੋਏ ਸੇਵਕਾਈਆਂ ਕੀਤੀਆਂ ਗਈਆਂ।

ਪਿਛਲੇ ਸਾਲ, ਅਸੀਂ ਆਪਣੀ ਯੂਟਿਊਬ ਸੇਵਕਾਈ ਵਿੱਚ ਸ਼ਾਨਦਾਰ ਵਾਧਾ ਦੇਖਿਆ। ਦੁਨੀਆ ਭਰ ਦੇ ਬਹੁਤ ਸਾਰੇ ਲੋਕਾਂ ਨੂੰ ਇਨ੍ਹਾਂ ਰਾਹੀਂ ਅਸੀਸ ਮਿਲੀ



**ਯੂ ਟਿਊਬ ਸੇਵਕਾਈ ਟੀਮ**

ਅਸੀਂ ਨਿਮਰਤਾ ਨਾਲ ਬੇਨਤੀ ਕਰਦੇ ਹਾਂ ਕਿ ਸਾਡੇ ਸਟਾਫ਼ ਲਈ ਪ੍ਰਾਰਥਨਾ ਕਰੋ ਜੋ ਕਿ ਸੇਵਕਾਈ ਵਿੱਚ ਵਫ਼ਾਦਾਰੀ ਨਾਲ ਸ਼ਾਮਲ ਹਨ।

### ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ

HON. EDITOR-IN-CHIEF
Rev. Dr. Angeline S. Kumari, M.A., M.Sc., M.Ed.
EX MANAGING EDITOR
Pastor Alex Samson Sam, B.Th., M.Div.
GENERAL MANAGER
Bro. N. Prakasam, M.A., M.Sc.(C&P), PGDIRM, MBA.
ADMINISTRATION
Sis. Jesy Veena Sam
Adv. K. Puratchivendan, M.Com., C.A., B.L.
Dr. P.E.R. Premchand, M.Sc., M.A., M.Ed., Ph.D.
Dr. C.G.S. Baburao, B.Tech., M.Tech. (DM), Ph.D.
Dr. Rabinder Boaz, M.S. (CMC)
EDITORIAL BOARD
Dr. Serena Bevin, M.A., M.Phil., B.Ed.
Sis. Sajini Cherian
Rev. Dr. K.R. Rajasekaran
Rev. Dr. William Robert, Ph.D., DD, D.Lit.

EDITOR, PUBLISHER & PRINTER
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 98412 71858 95661 31858
E.MAIL
sam@echoofhiscall.org
biblecor@yahoo.co.in
WEBSITES
www.echoofhiscall.org
www.stpaulsmatriculation.org
YOUTUBE CHANNEL
Echo of His Call

ਅਸੀਂ ਆਪਣੀ ਕਲੀਸਿਯਾ ਵਿੱਚ ਇੱਕ ਹੋਰ ਹਿੰਦੀ ਸੇਵਕਾਈ ਵੀ ਸ਼ੁਰੂਆਤ ਕੀਤੀ ਹੈ, ਖਾਸ ਕਰਕੇ ਹਿੰਦੀ ਬੋਲਣ ਵਾਲੇ ਪ੍ਰਵਾਸੀ ਕਾਮਿਆਂ ਲਈ। ਹਿੰਦੀ ਪ੍ਰਾਰਥਨਾ ਸਭਾਵਾਂ ਹਰ ਬੁੱਧਵਾਰ ਸ਼ਾਮ 7:00 ਵਜੇ ਕੀਤੀਆਂ ਜਾ ਰਹੀਆਂ ਹਨ। ਅਸੀਂ ਇਸ ਅਰਥਪੂਰਨ ਅਤੇ ਬਹੁਤ ਜ਼ਰੂਰੀ ਸੇਵਕਾਈ ਲਈ ਤੁਹਾਡੀਆਂ ਪ੍ਰਾਰਥਨਾਵਾਂ ਲਈ ਦਿਲੋਂ ਬੇਨਤੀ ਕਰਦੇ ਹਾਂ।

ਕਿਰਪਾ ਕਰਕੇ ਆਪਣੀਆਂ ਪ੍ਰਾਰਥਨਾਵਾਂ ਵਿੱਚ ਸਾਡੇ ਸੇਵਕਾਂ ਅਤੇ ਦਫਤਰ ਦੇ ਸਟਾਫ ਨੂੰ ਯਾਦ ਰੱਖੋ, ਕਿਉਂਕਿ ਉਹ ਕਈ ਮੁਸ਼ਕਲਾਂ ਅਤੇ ਚੁਣੌਤੀਆਂ ਦੇ ਬਾਵਜੂਦ ਲਗਨ ਨਾਲ ਸੇਵਾ ਕਰਦੇ ਰਹਿੰਦੇ ਹਨ।

ਸਾਡੀਆਂ ਸਾਰੀਆਂ ਸੇਵਕਾਈਆਂ ਤੁਹਾਡੀਆਂ ਕੀਮਤੀ ਪ੍ਰਾਰਥਨਾਵਾਂ ਅਤੇ ਉਦਾਰ ਸਹਿਯੋਗ ਨਾਲ ਅੱਗੇ ਵਧ ਰਹੀਆਂ ਹਨ। ਪਰਮੇਸ਼ੁਰ ਦੀ ਕਿਰਪਾ ਤੁਹਾਡੇ ਸਾਰਿਆਂ ਨਾਲ ਰਹੇ। ਆਮੀਨ।

ਪਰਮੇਸ਼ੁਰ ਦੀ ਕਿਰਪਾ ਤੁਹਾਡੇ ਸਾਰਿਆਂ 'ਤੇ ਹੋਵੇ। ਆਮੀਨ!

ਮਸੀਹ ਯਿਸੂ ਵਿੱਚ, ਤੁਹਾਡਾ ਸੇਵਕ

**ਪਾਸਟਰ ਸੈਮ ਸੇਲਵਾ ਰਾਜ** ਈ.ਮੇਲ: **sam@echoofhiscall.org**

ਪੰਨਾ ਨੰਬਰ 1 ਤੋਂ ਅੱਗੇ ਜਾਰੀ

## ਇੱਕ ਰਾਜਾ ਜਿਸ ਨੇ ਵਧਿਆ ਸ਼ੁਰੂਆਤ ਕੀਤੀ ਪਰ ਵਧਿਆ ਅੰਤ ਨਹੀਂ!

ਇਹ ਸੱਚਾਈ ਮੈਨੂੰ ਰਾਜਾ ਅਮਸਯਾਹ ਦੀ ਯਾਦ ਦਿਵਾਉਂਦੀ ਹੈ ਜਿਸਨੇ ਆਪਣੀ ਯਾਤਰਾ ਮਜ਼ਬੂਤੀ ਨਾਲ ਸ਼ੁਰੂ ਕੀਤੀ ਸੀ, ਪਰ ਉਸਦਾ ਅੰਤ ਦੁਖਦਾਈ ਸੀ। ਪਵਿੱਤਰ ਸ਼ਾਸਤਰ ਸਪਸ਼ਟ ਤੌਰ 'ਤੇ ਕਾਰਨ ਦੱਸਦਾ ਹੈ:ਇਹ ਸੱਚਾਈ ਮੈਨੂੰ ਰਾਜਾ ਅਮਸਯਾਹ ਦੀ ਯਾਦ ਦਿਵਾਉਂਦੀ ਹੈ ਜਿਸਨੇ ਆਪਣੀ ਯਾਤਰਾ ਮਜ਼ਬੂਤੀ ਨਾਲ ਸ਼ੁਰੂ ਕੀਤੀ ਸੀ, ਪਰ ਉਸਦਾ ਅੰਤ ਦੁਖਦਾਈ ਸੀ। ਪਵਿੱਤਰ ਸ਼ਾਸਤਰ ਸਪਸ਼ਟ ਤੌਰ 'ਤੇ ਕਾਰਨ ਦੱਸਦਾ ਹੈ:

'ਅਤੇ ਉਸ ਨੇ ਉਹੀ ਕੀਤਾ ਜੋ ਯਹੋਵਾਹ ਦੀ ਨਿਗਾਹ ਵਿੱਚ ਚੰਗਾ ਸੀ ਪਰ ਪੂਰੇ ਦਿਲ ਦੇ ਨਾਲ ਨਹੀਂ '

2 ਇਤਿਹਾਸ **25:2**

## ਅਮਸਯਾਹ ਕੌਣ ਸੀ ?

- ਅਮਸਯਾਹ ਯੋਆਸ਼ ਦਾ ਪੁੱਤ੍ਰ ਸੀ ਜੋ ਸੱਤ ਸਾਲ ਦੀ ਉਮਰ ਵਿੱਚ ਰਾਜਾ ਬਣਿਆ ।
- ਉਹ ਯਹੂਦਾ ਦਾ ਨੌਵਾਂ ਰਾਜਾ ਸੀ।



ਯਹੂਦਾ ਦਾ ਨੌਵਾਂ ਰਾਜਾ

- ਉਸਦੀ ਕਹਾਣੀ 2 ਰਾਜਿਆਂ 14 ਅਤੇ 2 ਇਤਿਹਾਸ 25 ਵਿੱਚ ਦਰਜ ਹੈ।

ਬਾਈਬਲ ਸਾਨੂੰ ਕੁਝ ਕਮਾਲ ਦੀ ਗੱਲ ਦੱਸਦੀ ਹੈ - ਅਤੇ ਫਿਰ ਵੀ ਡੂੰ
ਘਾਈ ਨਾਲ ਇਸ ਬਾਰੇ:

**ਉਸਨੇ ਉਹ ਕੀਤਾ ਜੋ ਪ੍ਰਭੂ ਦੀ ਨਜ਼ਰ ਵਿੱਚ ਸਹੀ ਸੀ... ਪਰ ਵਫ਼ਾਦਾਰ ਦਿਲ ਨਾਲ ਨਹੀਂ।**

- ਵਫ਼ਾਦਾਰ ਦਿਲ ਤੋਂ ਬਿਨਾਂ ਪਰਮੇਸ਼ੁਰ ਦੀ ਸੇਵਾ ਕਰਨ ਦਾ ਕੀ ਅਰਥ ਹੈ?
- ਕੀ ਇਹ ਸੰਭਵ ਹੈ ਕਿ ਉਹ ਪਰਮੇਸ਼ੁਰ ਦੇ ਸਾਹਮਣੇ ਸਹੀ ਹੋਵੇ ਅਤੇ ਫਿਰ ਵੀ ਪੂਰੀ ਤਰ੍ਹਾਂ ਸਮਰਪਣ ਨਾ ਕੀਤਾ ਜਾਵੇ?
- ਕੀ ਅਸੀਂ ਬਾਹਰੀ ਤੌਰ 'ਤੇ ਪਰਮੇਸ਼ੁਰ ਦੀ ਸੇਵਾ ਕਰ ਸਕਦੇ ਹਾਂ ਜਦੋਂ ਕਿ ਸਾਡੇ ਦਿਲ ਵੰਡੇ ਰਹਿੰਦੇ ਹਨ?

ਅਮਸਯਾਹ ਪਵਿੱਤਰ ਸ਼ਾਸਤਰ ਦੇ ਸਭ ਤੋਂ ਦੁਖਦਾਈ ਰਾਜਿਆਂ ਵਿੱਚੋਂ ਇੱਕ ਹੈ - ਇਸ ਲਈ ਨਹੀਂ ਕਿ ਉਹ ਬੁਰਾ ਸੀ, ਪਰ ਇਸ ਲਈ ਕਿਉਂਕਿ ਉਹ ਲਗਭਗ ਚੰਗਾ, ਅੰਸ਼ਕ ਤੌਰ 'ਤੇ ਆਗਿਆਕਾਰੀ, ਅਤੇ ਪੱਖਪਾਤੀ ਦਿਲ ਵਾਲਾ ਸੀ। ਫਿਰ ਵੀ ਉਸਦਾ ਦਿਲ ਪੂਰੀ ਤਰ੍ਹਾਂ ਸਮਰਪਣ ਨਹੀਂ ਕੀਤਾ ਗਿਆ ਸੀ।

ਇਹ ਸਿਰਫ਼ ਅਮਸਯਾਹ ਦੀ ਕਹਾਣੀ ਨਹੀਂ ਹੈ - ਇਹ ਅੱਜ ਦੇ ਬਹੁਤ ਸਾਰੇ ਵਿਸ਼ਵਾਸੀਆਂ ਦੀ ਕਹਾਣੀ ਹੈ। ਅਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹਾਂ। ਅਸੀਂ ਉਸਦੀ ਪੈਰਵੀ ਕਰਦੇ ਹਾਂ। ਫਿਰ ਵੀ ਸਾਡੀ ਜ਼ਿੰਦਗੀ ਦੇ ਕੁਝ ਖੇਤਰ ਹੋ ਸਕਦੇ ਹਨ ਜਿੱਥੇ ਅਸੀਂ ਉਸ ਤੋਂ ਦੂਰ ਰਹੇ ਹਾਂ।

ਅਸੀਂ ਸ਼ਾਇਦ ਇੰਝ ਕਰਦੇ ਹਾਂ:

- ਚਰਚ ਵਿੱਚ ਜਾਣਾ
- ਵਫ਼ਾਦਾਰੀ ਨਾਲ ਸੇਵਾ
- ਦਾਨ ਦੇਣਾ
- ਲੋੜਵੰਦਾਂ ਦੀ ਮਦਦ ਕਰਨਾ
- ਕਈ ਖੇਤਰਾਂ ਵਿੱਚ ਆਗਿਆਕਾਰੀ ਕਰਨਾ

ਪਰ ਮਹੱਤਵਪੂਰਨ ਸਵਾਲ ਇਹ ਰਹਿੰਦਾ ਹੈ: ਪਰਮੇਸ਼ੁਰ ਅੱਗੇ ਸਾਡਾ ਦਿਲ ਕਿੱਥੇ ਹੈ?

ਮੇਰੇ ਪਿਤਾ ਜੀ ਅਕਸਰ ਕਹਿੰਦੇ ਸਨ, "ਅੰਸ਼ਕ ਆਗਿਆਕਾਰੀ ਪੂਰੀ ਅਣਆਗਿਆਕਾਰੀ ਹੈ।"

ਇਸ ਸਾਲ ਦੀ ਸ਼ੁਰੂਆਤ ਵਿੱਚ, ਇੱਕ ਸਵਾਲ ਜੋ ਸਾਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਅਸੀਂ 2026 ਨੂੰ ਚੰਗੀ ਤਰ੍ਹਾਂ ਖਤਮ ਕਰਨਾ ਚਾਹੁੰਦੇ —


## VERY URGENT NOTICE!




ਨੇੜਲੇ ਭਵਿੱਖ ਵਿੱਚ ਉਸ ਦੇ ਬੁਲਾਵੇ ਦੀ ਗੂੰਜ ਦੇ ਡਾਕ ਭੇਜਣ ਵਿੱਚ ਅਟੱਲ ਰੁਕਾਵਟਾਂ ਆ ਸਕਦੀਆਂ ਹਨ। ਜੇਕਰ ਤੁਸੀਂ ਬਿਨਾਂ ਕਿਸੇ ਰੁਕਾਵਟ ਦੇ ਉਸ ਦੇ ਬੁਲਾਵੇ ਦੀ ਗੂੰਜ ਪ੍ਰਾਪਤ ਕਰਨਾ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਆਪਣਾ ਨਾਮ, ਪਤਾ, ਈਮੇਲ ਅਤੇ ਵਟਸਐਪ ਨੰਬਰ ਪੱਤਰ, ਈਮੇਲ, ਫ਼ੋਨ ਕਾਲ, ਜਾਂ ਐਸ ਐਮ ਐਸ/ਵਟਸਐਪ ਸੁਨੇਹੇ ਰਾਹੀਂ ਤੁਰੰਤ ਭੇਜੋ।

ਸਾਡਾ ਪਤਾ: ਤੁਹਾਡੀ ਸਹਾਇਤਾ ਤੁਹਾਡੀ ਬਿਹਤਰ ਸੇਵਾ ਕਰਨ ਵਿੱਚ ਮਦਦ ਕਰਦੀ ਹੈ।

**ECHO OF HIS CALL,**
**10, Mohammed Abdullah 2nd Street, Chepauk, Chennai-600 005, India**
**Cell: (+91) 98412 71858 / 98410 71858 E.mail: sam@echoofhiscall.org**

"ਕੀ ਮੈਂ ਵਫ਼ਾਦਾਰ ਦਿਲ ਨਾਲ ਜਾਂ ਉਸਦੇ ਬਿਨਾਂ, ਉਹ ਕਰ ਰਿਹਾ ਹਾਂ ਜੋ ਸਹੀ ਹੈ,?"

## ਅਮਸਯਾਹ ਦੇ ਜੀਵਨ ਤੋਂ ਪਾਠ

ਮੈਨੂੰ ਯਹੂਦਾਹ ਅਤੇ ਇਸਰਾਇਲ ਦੇ ਰਾਜਿਆਂ ਦੇ ਜੀਵਨ 'ਤੇ ਮਨਨ ਕਰਨਾ ਬਹੁਤ ਪਸੰਦ ਹੈ। ਉਨ੍ਹਾਂ ਦੀਆਂ ਕਹਾਣੀਆਂ ਸ਼ਕਤੀਸ਼ਾਲੀ ਸਾਡੇ ਆਪਣੇ ਜੀਵਨ ਲਈ ਸਬਕ ਅਤੇ ਸ਼ੀਸੇ ਦੇ ਤੌਰ







ਅਮਸਯਾਹ ਨੇ ਸੁਰੂਆਤ ਵਧਿਆ ਕੀਤੀ ਪਰ ਅੰਤ ਨਹੀਂ

'ਤੇ ਪੇਸ਼ ਕਰਦੀਆਂ ਹਨ। ਅਮਸਯਾਹ ਨੇ ਚੰਗੀ ਸੁਰੂਆਤ ਕੀਤੀ, ਪਰ ਬਾਅਦ ਵਿੱਚ ਕੁਝ ਗਲਤ ਹੋ ਗਿਆ ਅਤੇ ਇਸਦੇ ਗੰਭੀਰ ਨਤੀਜੇ ਨਿਕਲੇ।

## 1. ਸਮਰਪਣ !

### ਅਮਸਯਾਹ ਨੇ ਵਧਿਆ ਸੁਰੂਆਤ ਕੀਤੀ !

*(2 ਇਤਿਹਾਸ 25:1-10)*

**ਅਤੇ ਜੋ ਯਹੋਵਾਹ ਦੀ ਨਿਗਾਹ ਵਿੱਚ ਚੰਗਾ ਸੀ ਸੋ ਉਹ ਨੇ ਕੀਤਾ ਪਰ ਆਪਣੇ ਪਿਤਾ ਦਾਊਦ ਵਾਂਗ ਨਹੀਂ ਜਿਵੇਂ ਉਹ ਦੇ ਪਿਤਾ ਯੋਆਸ਼ ਨੇ ਕੀਤਾ ਉਵੇਂ ਉਹ ਨੇ ਸਭ ਕੁਝ ਕੀਤਾ। ( 2 ਰਾਜਾ 14:3)**



**ਅਮਸਯਾਹ ਦਾਊਦ ਵਾਂਗ ਨਹੀਂ ਸੀ। ਹਰ ਗੱਲ ਵਿੱਚ ਉਸਨੇ ਆਪਣੇ ਪਿਤਾ ਯੋਆਸ਼ ਦੀ ਮਿਸਾਲ ਦੀ ਪਾਲਣਾ ਕੀਤੀ।**

ਅਮਸਯਾਹ ਦੀ ਸੁਰੂਆਤ ਬਹੁਤ ਵਧੀਆ ਸੀ ਅਤੇ ਉਸਨੇ ਕਈ ਖੇਤਰਾਂ ਵਿੱਚ ਆਗਿਆਕਾਰੀ ਦਿਖਾਈ।

### (ੳ) ਪਰਮੇਸੁਰ ਦੇ ਬਚਨ ਲਈ ਆਗਿਆਕਾਰਿਤਾ ਅਤੇ ਨਿਆਂ।

ਜਦੋਂ ਅਮਸਯਾਹ ਸਿੰਘਾਸਣ 'ਤੇ ਆਇਆ, ਤਾਂ ਉਸਨੇ ਉਨ੍ਹਾਂ ਲੋਕਾਂ 'ਤੇ ਨਿਆਂ ਕੀਤਾ ਜਿਨ੍ਹਾਂ ਨੇ ਉਸਦੇ ਪਿਤਾ ਦਾ ਕਤਲ ਕੀਤਾ ਸੀ। ਹਾਲਾਂਕਿ, ਉਸਨੇ ਉਨ੍ਹਾਂ ਦੇ ਬੱਚਿਆਂ ਨੂੰ ਨਹੀਂ ਮਾਰਿਆ, ਪਰਮੇਸੁਰ ਦੇ ਕਾਨੂੰਨ ਦੀ ਪਾਲਣਾ ਕਰਦੇ ਹੋਏ:

**ਪਿਉ ਪੁੱਤਰਾਂ ਦੇ ਕਾਰਨ ਨਾ ਮਾਰੇ ਜਾਣ। ਹਰ ਮਨੁੱਖ ਆਪਣੇ ਹੀ ਪਾਪ ਲਈ ਮਾਰਿਆ ਜਾਵੇ (ਵਿਵਸਥਾਸਾਰ 24:16)**

**ਇਸ ਦੇ ਲਈ ਹਿਮਤ ਦੀ ਜਰੂਰਤ ਸੀ।** ਉਹ ਬਦਲਾ ਲੈਣ ਲਈ ਡਰ ਸਕਦਾ ਸੀ। ਪਰ ਉਸਨੇ ਆਗਿਆਕਾਰੀ ਕਰਨ ਨੂੰ ਚੁਣਿਆ ( 2 ਰਾਜਾ 14:6 ) ਅਥਲਯਾਹ ਰਾਨੀ ਦੇ ਵਿਪਰੀਤ (2 ਰਾਜਾ 11:1) ਜਿਸਨੇ ਸਾਰੇ ਸੰਭਾਵਿਤ ਵਾਰਿਸਾਂ ਦਾ ਕਤਲ ਕਰ ਦਿੱਤਾ ਸੀ, ਅਮਸਯਾਹ ਨੇ ਪਰਮੇਸੁਰ ਦੀ ਸ਼ਰਾ ਦਾ ਆਦਰ ਕੀਤਾ। ਉਸਨੇ ਵਧਿਆ ਸੁਰੂਆਤ ਕੀਤੀ

### (ਅ)ਖੁੱਦ ਦੇ ਨੁਕਸਾਨ ਦੇ ਬਾਵਜੂਦ ਆਗਿਆਕਾਰੀ।

ਅਮਸਯਾਹ ਨੇ ਇਸਰਾਇਲ ਤੋਂ 100,000 ਸਿਪਾਹੀ ਕਿਰਾਏ 'ਤੇ ਲਏ, ਜੋ ਕਿ ਇੱਕ ਮਹਿੰਗਾ ਨਿਵੇਸ਼ ਸੀ। ਜਦੋਂ ਨਬੀ ਨੇ ਉਸਨੂੰ ਉਨ੍ਹਾਂ ਦੀ ਵਰਤੋਂ ਨਾ ਕਰਨ ਦੀ ਹਦਾਇਤ ਕੀਤੀ, ਤਾਂ ਅਮਸਯਾਹ ਨੇ ਇੱਕ ਇਮਾਨਦਾਰ ਸਵਾਲ ਪੁੱਛਿਆ।



**...ਪਰ ਉਨ੍ਹਾਂ ਸੌ ਤੋੜਿਆਂ ਬਾਰੇ ਕੀ ਜੋ ਮੈਂ ਦਿੱਤੇ ਸੀ** ?...

**ਪਰ ਉਨ੍ਹਾਂ ਸੌ ਤੋੜਿਆਂ ਬਾਰੇ ਕੀ ਜੋ ਮੈਂ ਦਿੱਤੇ**? ...

**2 ਇਤਹਾਸ 25:9**

ਨਬੀ ਨੇ ਜਵਾਬ ਦਿੱਤਾ:

**ਯਹੋਵਾਹ ਤੁਹਾਨੂੰ ਇਸ ਤੋਂ ਕਿਤੇ ਵੱਧ ਦੇਣ ਦੇ ਸਮਰੱਥ ਹੈ।**

**(2 ਇਤਹਾਸ 25:9)**

ਭਾਵੇਂ ਆਗਿਆਕਾਰੀ ਉਸਨੂੰ ਬਹੁਤ ਮਹਿੰਗੀ ਪਈ, ਅਮਸਯਾਹ ਨੇ ਸੁਣਿਆ। ਉਸਨੇ ਸਿਪਾਹੀਆਂ ਨੂੰ ਘਰ ਭੇਜ ਦਿੱਤਾ ਅਤੇ ਪਰਮੇਸੁਰ 'ਤੇ ਭਰੋਸਾ ਕੀਤਾ।

ਆਗਿਆਕਾਰੀ ਦੀ ਹਮੇਸ਼ਾ ਕੀਮਤ ਹੁੰਦੀ ਹੈ - ਪਰ ਅਣਆਗਿਆਕਾਰੀ ਦੀ ਕੀਮਤ ਹੋਰ ਵੀ ਵਧੀਕ ਹੁੰਦੀ ਹੈ। ਇਸ ਸਮੇਂ, ਅਮਸਯਾਹ ਇੱਕ ਧਰਮੀ ਰਾਜਾ ਜਾਪਦਾ ਸੀ, ਅਤੇ ਪਰਮੇਸੁਰ ਨੇ ਉਸਨੂੰ ਸਨਮਾਨਿਤ ਕੀਤਾ।

ਪੰਨਾ ਨੰਬਰ 6 'ਤੇ ਜਾਰੀ ਹੈ

# GREAT COMMISSION PARTNERS
# ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2) SUPPORT (Romans 12:13) SPEEDUP (II Timothy 1:6

**ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜ਼ੀ ਕਰਨਾ (੨ਤਿਮੋਥੀਅਸ ੧:੬)**

19 ਫਰਵਰੀ 2026 ਤੋਂ 18 ਮਾਰਚ 2026 ਤੱਕ

**(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)**

## ਵਡਿਆਈ ਦੇ ਮੁੱਦੇ

**19** ਫਰਵਰੀ: ਇੱਕ ਸ਼ਾਨਦਾਰ ਮੀਡੀਆ ਟੀਮ ਜੋ ਸਾਡੇ **ਉਸ ਦੇ ਬੁਲਾਵੇ ਦੀ ਗੂੰਜ** ਯੂਟਿਊਬ ਚੇਨਲ ਦੇ ਨਿਰਵਿਘਨ ਪ੍ਰਸਾਰਣ ਵਿੱਚ ਸਾਡੀ ਮਦਦ ਕਰਦੀ ਹੈ।

**20** ਫਰਵਰੀ: ਸਾਡੇ ਭਾਈਵਾਲਾਂ ਦੇ ਨੈਤਿਕ ਅਤੇ ਵਿੱਤੀ ਸਹਾਇਤਾ ਨਾਲ ਸਾਨੂੰ ਅਸੀਸ ਦੇਣ ਲਈ।

**21** ਫਰਵਰੀ: ਸਾਨੂੰ ਸਾਡੇ 2026 ਮਾਸਿਕ ਕੇਲੈਂਡਰ ਅਤੇ ਵਾਅਦਾ ਕਾਰਡ ਪ੍ਰਿੰਟਿੰਗ ਅਤੇ ਡਿਸਪੇਚ ਦੇ ਕੰਮ ਨੂੰ ਪੂਰਾ ਕਰਨ ਲਈ ਕਿਰਪਾ ਪ੍ਰਦਾਨ ਕਰਨ ਲਈ।

**22** ਫਰਵਰੀ: ਨਹਮਯਾਹ ਬਾਈਬਲ ਕਾਲਜਾਂ ਅਤੇ ਸੇਂਟ ਪੌਲ ਮੈਟ੍ਰਿਕ ਸਕੂਲ ਵਿਖੇ ਸਾਡੇ ਵਿਸ਼ੇਸ਼ ਕ੍ਰਿਸਮ ਅਤੇ ਨਵੇਂ ਸਾਲ ਦੇ ਪ੍ਰੋਗਰਾਮਾਂ ਨੂੰ ਅਸੀਸ ਦੇਣਾ।

**23** ਫਰਵਰੀ: ਨੌਜਵਾਨਾਂ ਨੂੰ ਉਤਸ਼ਾਹ ਨਾਲ ਅਸੀਸ ਦੇਣਾ- ਸਾਡੀਆਂ ਸਾਰੀਆਂ ਕਲੀਸਿਯਾਈ ਗਤੀਵਿਧੀਆਂ ਵਿੱਚ ਹਿੱਸਾ ਲੇਣ ਲਈ।

**24** ਫਰਵਰੀ: ਸਾਡੇ ਮੀਡੀਆ ਸੇਵਕਾਈ ਅਤੇ ਉਸਦੇ ਬੁਲਾਵੇ ਦੀ ਗੂੰਜ ਯੂਟਿਊਬ ਚੇਨਲ ਨੂੰ ਅਸੀਸ ਦੇਣ ਲਈ ਅਤੇ ਅਣਪਛਾਤੇ ਬਹੁ-ਭਾਸ਼ਾਈ ਲੋਕਾਂ ਤੱਕ ਪਹੁੰਚਣ ਲਈ।

**25** ਫਰਵਰੀ:ਸਾਡੇ ਪ੍ਰਾਰਥਨਾ ਸਾਥੀਆਂ, ਸਬਸਕਰਾਈਬ ਕਰਨ ਵਾਲੇ ਸਾਥੀਆਂ, ਵਿਸ਼ਵਾਸ ਦੇ ਸਾਥੀਆਂ, ਜੀਵਨ ਸਾਥੀਆਂ ਅਤੇ ਮਹਾਨ ਹੁੱਕਮ ਵਿੱਚ ਸਾਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਪਰਮੇਸ਼ੁਰ ਦੀ ਦਇਆ ।

**26** ਫਰਵਰੀ: ਸਾਡੀ ਕਲੀਸਿਯਾ ਸੇਵਕਾਈ ਨੂੰ ਵਧੇਰੇ ਸੰਗਠਿਤ ਢੰਗ ਨਾਲ ਕੰਮ ਕਰਨ ਲਈ ਅਸੀਸ ਦੇਣ ਲਈ।

**27** ਫਰਵਰੀ: ਸਾਡੇ ਬਜ਼ੁਰਗ ਪਾਦਰੀ ਐਸ. ਸੇਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਾਰੀਆਂ ਬੁਰੀਆਂ ਤਾਕਤਾਂ ਤੋਂ ਬਚਾਉਣ ਲਈ।

**28** ਫਰਵਰੀ: ਸਾਡੇ ਉਸ ਬੁਲਾਵੇ ਦੀ ਗੂੰਜ ਦੇ ਸਟਾਫ਼ ਨੂੰ ਅਸੀਸ ਦੇਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੰਗੀ ਸਿਹਤ ਅਤੇ ਈਸ਼ਵਰੀ ਸੁਰੱਖਿਆ ਪ੍ਰਦਾਨ ਕਰਨ ਲਈ।

**01** ਮਾਰਚ : ਸਾਡੇ ਬਾਈਬਲ ਪੱਤਰ ਵਿਹਾਰ ਕੋਰਸ ਅਤੇ ਥੀਓਲਾਜੀਕਲ ਪੱਤਰ ਵਿਹਾਰ ਕੋਰਸ ਦੇ ਵਿਕਾਸ ਲਈ।

**02** ਮਾਰਚ: ਮੁੱਖ ਕਲੀਸਿਯਾ ਅਤੇ ਸ਼ਾਖਾ ਕਲੀਸਿਯਾਵਾਂ ਵਿੱਚ ਸਾਡੀਆਂ ਐਤਵਾਰ ਦੀਆਂ ਸੇਵਾਵਾਂ ਵਿੱਚ ਪਰਮੇਸ਼ੁਰ ਦੇ ਬਚਨ ਦੀ ਸ਼ਕਤੀ ਪ੍ਰਗਟ ਹੋਣ ਲਈ।

**03** ਮਾਰਚ: ਸਾਨੂੰ ਸਾਡੇ ਪ੍ਰਿੰਟਿੰਗ ਪ੍ਰੇਸ ਵਿੱਚ 16 ਭਾਸ਼ਾਵਾਂ ਵਿੱਚ ਸਾਡੇ ਮੇਗਜ਼ੀਨ ਨੂੰ ਛਾਪਣ ਅਤੇ ਪ੍ਰਕਾਸ਼ਿਤ ਕਰਨ ਅਤੇ ਇਸਨੂੰ ਮਿਸ਼ਨ ਖੇਤਰਾਂ ਵਿੱਚ ਭੇਜਣ ਦੇ ਯੋਗ ਬਣਾਉਣਾ।

04 ਮਾਰਚ: ਸਾਡੇ ਸੇਂਟ ਪੌਲ ਮੈਟ੍ਰਿਕ ਸਕੂਲ ਦੇ ਪ੍ਰਿੰਸੀਪਲ, ਅਧਿਆਪਕਾਂ ਅਤੇ ਹੋਰ ਸਟਾਫ਼ ਮੈਂਬਰਾਂ ਨੂੰ ਅਸੀਸ ਦੇਣ ਲਈ।

## ਪ੍ਰਾਰਥਨਾ ਦੇ ਮੁੱਦੇ

05 ਮਾਰਚ: ਮਸੀਹੀ ਪ੍ਰਚਾਰਕ ਮਿਲਾਵਟ ਤੋਂ ਬਿਨਾਂ ਪੂਰੀ ਤਰ੍ਹਾਂ ਪਰਮੇਸ਼ੁਰ ਦੇ ਬਚਨ ਦਾ ਪ੍ਰਚਾਰ ਕਰਨ।

06 ਫਰਵਰੀ: ਅਕਾਦਮਿਕ ਸਾਲ 2026-27 ਲਈ ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜਾਂ ਲਈ ਯੋਗ ਵਿਦਿਆਰਥੀਆਂ ਦੇ ਦਾਖਲੇ ਲਈ।

07 ਮਾਰਚ: ਅਕਾਦਮਿਕ ਸਾਲ 2026-27 ਲਈ ਸਾਡੇ ਸੇਂਟ ਪੌਲ ਮੈਟ੍ਰਿਕ ਸਕੂਲ ਲਈ ਨਵੇਂ ਵਿਦਿਆਰਥੀਆਂ ਦੇ ਦਾਖਲੇ ਲਈ।

08 ਮਾਰਚ: ਕੌਮਾਂ ਦੇ ਬੱਚੇ ਅਤੇ ਨੌਜਵਾਨ ਯਿਸੂ ਮਸੀਹ ਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕਰਨ ਲਈ ।

09 ਮਾਰਚ: ਸਾਡੇ ਸਹਿਯੋਗੀ ਸੰਪਾਦਕ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ।

10 ਮਾਰਚ: ਬਿਰਧ ਆਸ਼ਰਮਾਂ ਵਿੱਚ ਬਜ਼ੁਰਗਾਂ ਦੀ ਸਿਹਤ ਅਤੇ ਸ਼ਾਂਤੀ ਲਈ।

11 ਮਾਰਚ: ਸਾਡੇ ਸੇਂਟ ਪੌਲ ਮੈਟ੍ਰਿਕ ਸਕੂਲ ਦੇ 10ਵੀਂ ਜਮਾਤ ਦੇ ਵਿਦਿਆਰਥੀ ਆਪਣੀ ਅੰਤਿਮ ਪ੍ਰੀਖਿਆ ਵਿੱਚ ਸ਼ਾਨਦਾਰ ਨਤੀਜਾ ਪ੍ਰਾਪਤ ਕਰਨ ਲਈ।

12 ਮਾਰਚ: ਸਾਡੇ ਉਸਦੇ ਬੁਲਾਵੇ ਦੀ ਗੂੰਜ 'ਯੂਟਿਊਬ ਸ਼ਾਰਟਸ' ਪਹੁੰਚ ਤੋਂ ਬਾਹਰ ਲੋਕਾਂ ਤੱਕ ਪਹੁੰਚਣ ਲਈ।

13 ਮਾਰਚ: ਸਾਡੇ ਨਹਮਯਾਹ ਬਾਈਬਲ ਕਾਲਜ ਦੇ ਵਿਦਿਆਰਥੀਆਂ ਦੁਆਰਾ ਗ੍ਰੇਜੂਏਸ਼ਨ ਦੀ ਸਫਲਤਾਪੂਰਵਕ ਸਮਾਪਤੀ ਦੇ ਲਈ।

14 ਮਾਰਚ: ਸਾਡੇ ਪ੍ਰਾਰਥਨਾ ਸਾਥੀਆਂ, ਸਬਸਕਰਾਈਬ ਕਰਨ ਵਾਲੇ ਸਾਥੀਆਂ, ਵਿਸ਼ਵਾਸ ਵਿੱਚ ਸਾਥੀਆਂ, ਜੀਵਨ ਸਾਥੀਆਂ ਅਤੇ ਮਹਾਨ ਹੁੱਕਮ ਦੇ ਸਾਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਵਨ ਵਿੱਚ ਤਰੱਕੀ ਪ੍ਰਤੀ ਉਸਦੀ ਦਇਆ ਦੇ ਲਈ।

15 ਮਾਰਚ: ਯੁੱਧ ਤੋਂ ਦੁਨੀਆ ਦੇ ਦੇਸ਼ਾਂ ਦੀ ਈਸ਼ਵਰੀ ਸੁਰੱਖਿਆ।

16 ਮਾਰਚ: ਦੁਨੀਆ ਭਰ ਦੇ ਮਿਸ਼ਨਰੀ ਵਰਕਰਾਂ ਦੀ ਈਸ਼ਵਰੀ ਸੁਰੱਖਿਆ ਲਈ।

17 ਮਾਰਚ: ਸਾਰੇ ਦੇਸ਼ਾਂ ਅਤੇ ਉਨ੍ਹਾਂ ਦੇ ਆਰਥਿਕ ਵਿਕਾਸ 'ਤੇ ਉਸਦੀ ਅਸੀਸ ਲਈ।

18 ਮਾਰਚ: ਸਾਡੇ ਸੀਨੀਅਰ ਪਾਦਰੀ ਐਸ. ਸੇਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਸੁਰੱਖਿਆ।

......ਪੰਨਾ 4 'ਤੋਂ ਅੱਗੇ ਜਾਰੀ



**ਅਮਸਯਾਹ ਨੇ ਸਿਪਾਈਆਂ ਨੂੰ ਘਰ ਭੇਜ ਦਿਤਾ ਤਾਂ ਵੀ ਸਾਨੂੰ ਪਵਿੱਤਰ ਸ਼ਾਸਤਰ ਚੇਤਾਵਨੀ ਦਿੰਦਾ ਹੈ :**

**ਉਸਨੇ ਸਹੀ ਕੀਤਾ ...ਪਰ ਵਫ਼ਾਦਾਰ ਮਨ ਨਾਲ ਨਹੀਂ।**

## (ੲ) ਪੂਰੇ ਸਮਰਪਣ ਤੋਂ ਬਿਨਾਂ ਵਚਨਬਧਤਾ

ਅਮਸਯਾਹ ਦੁਸ਼ਟ ਜਾਂ ਰਾਜਦ੍ਰੋਹੀ ਨਹੀਂ ਸੀ। ਉਸਨੇ ਆਪਣੇ ਭਗਤ ਪਿਤਾ ਯੋਆਸ਼ ਦੀ ਪੈਰਵੀ



*'Shalem' means fully surrendered*

ਕੀਤੀ - ਦਾਊਦ ਦੇ ਉਲਟ, ਜਿਸਨੇ ਪੂਰੇ ਦਿਲ ਨਾਲ ਪਰਮੇਸੁਰ ਦੀ ਸੇਵਾ ਕੀਤੀ ਸੀ।

ਉਸਨੇ ਚੰਗੀ ਸ਼ੁਰੂਆਤ ਕੀਤੀ, ਪਰ ਪਰਮੇਸੁਰ ਚੰਗੀ ਸ਼ੁਰੂਆਤ ਕਰਨ ਵਾਲਿਆਂ ਦੀ ਨਹੀਂ ਸਗੋਂ ਚੰਗੀ ਅੰਤ ਕਰਨ ਵਾਲਿਆਂ ਦੀ ਭਾਲ ਕਰ ਰਿਹਾ ਹੈ। ਅਮਸਯਾਹ ਨੇ ਸਹੀ ਕੀਤਾ ਪਰ ਵਫ਼ਾਦਾਰ ਦਿਲ ਨਾਲ ਨਹੀਂ। ਇਬਰਾਨੀ ਸ਼ਬਦ "ਸ਼ਾਲੇਮ" ਦਾ ਅਰਥ ਹੈ ਪੂਰਾ, ਸੰਪੂਰਨ, ਅਵੰਡਿਆ, ਪੂਰੀ ਤਰ੍ਹਾਂ ਸਮਰਪਿਤ।

ਅਮਸਯਾਹ ਦੀ ਸਮੱਸਿਆ ਅੰਸ਼ਕ ਆਗਿਆਕਾਰੀ ਸੀ। ਉਸਨੇ ਬਾਹਰੋਂ ਪਰਮੇਸੁਰ ਦਾ ਅਨੁਸਰਣ ਕੀਤਾ ਪਰ ਆਪਣੇ ਦਿਲ ਦੇ ਖੇਤਰਾਂ ਨੂੰ ਅਛੂਤਾ ਰੱਖਿਆ।

ਪਿਆਰੇ ਭਰਾਵੋ ਅਤੇ ਭੈਣੋ, ਇਹ ਸੰਭਵ ਹੈ:

- ਦਸਵੰਧ ਦਿੰਦੇ ਹੋਏ
- ਵਫ਼ਾਦਾਰੀ ਨਾਲ ਕਰਦੇ ਹੋਏ
- ਨੈਤਿਕ ਤੌਰ 'ਤੇ ਜੀਉਂਦੇ ਹੋਏ

ਫਿਰ ਵੀ ਹੰਕਾਰ, ਮੁਆਫ਼ੀ, ਵਾਸਨਾ, ਗੱਪਾਂ, ਲੁਕਵੇਂ ਪਾਪ, ਜਾਂ ਸਵੈ-ਸ਼ਾਸਨ ਨਾਲ ਜੁੜੇ ਹੋ ਸਕਦੇ ਹਨ।

ਅੰਦਰਲੇ ਸਮਰਪਣ ਤੋਂ ਬਿਨਾਂ ਬਾਹਰੀ ਆਗਿਆਕਾਰੀ ਆਤਮਿਕ ਖਾਲੀਪਣ ਵੱਲ ਲੈ ਜਾਂਦੀ ਹੈ। ਵਿਅਕਤੀ ਨੂੰ ਡੂੰਘੀਆਂ ਜੜ੍ਹਾਂ ਵਾਲਾ ਹੋਣਾ ਚਾਹੀਦਾ ਹੈ ਅਤੇ ਉੱਪਰ ਵੱਲ ਫਲ ਦੇਣਾ ਚਾਹੀਦਾ ਹੈ।



**ਮਨੁੱਖ ਨੂੰ ਡੂੰਘੀਆਂ ਜੜ੍ਹਾਂ ਵਾਲਾ ਹੋਣਾ ਚਾਹੀਦਾ ਹੈ ਅਤੇ ਉੱਪਰ ਵੱਲ ਫਲ ਦੇਣਾ ਚਾਹੀਦਾ ਹੈ**

## 2. ਸਮਝੌਤਾ!

**ਜਿਸ ਨੂੰ ਉਸਨੇ ਇਜਾਜ਼ਤ ਦਿੱਤੀ, ਉਸਨੇ ਅੰਤ ਵਿੱਚ ਉਸਨੂੰ ਤਬਾਹ ਕਰ ਦਿੱਤਾ।**

(2 ਇਤਿਹਾਸ 25:11-16)

**ਤਾਂ ਵੀ ਉੱਚੇ ਥਾਂ ਢਾਹੇ ਨਹੀਂ ਗਏ ਸੀ ;....- 2 ਰਾਜਾ 14:4**

ਅਮਸਯਾਹ ਨੇ ਉਸ ਚੀਜ਼ ਨੂੰ ਬਰਦਾਸ਼ਤ ਕੀਤਾ ਜੋ ਉਸਨੂੰ ਤਬਾਹ ਕਰਨਾ ਚਾਹੀਦਾ ਸੀ।

ਸਮਝੌਤਾ ਹਮੇਸ਼ਾ ਛੋਟੀ ਸ਼ੁਰੂਆਤ ਤੋਂ ਹੁੰਦਾ ਹੈ - ਪਰ ਜੇ ਅਸੀਂ ਅੱਜ ਬਰਦਾਸ਼ਤ ਕਰਦੇ ਹਾਂ ਉਹ ਕੱਲ੍ਹ ਸਾਡੇ ਉੱਤੇ ਹਾਵੀ ਹੋਵੇਗਾ।

## (ੳ) ਜਿੱਤ ਤੋਂ ਬਾਅਦ ਘੁਮੰਡ



**ਅਮਸਯਾਹ ਉਹਨਾਂ ਦੀਆਂ ਮੂਰਤੀਆਂ ਲੈ ਕੇ ਆਇਆ ਅਤੇ ਉਹਨਾਂ ਦੀ ਉਪਾਸਨਾ ਕੀਤੀ**

.......ਪੰਨਾ ਨੰਬਰ 8 'ਤੇ ਜਾਰੀ

NEHEMIAH BIBLE COLLEGES,
Chepauk & Santhoshapuram, Velachery Chennai.
Qualification : 10th Standard & above
Diploma in Theology & Bachelor of Theology
Medium :Tamil (Part Time)
Hindi (Residential) (Sponsorship Available)
Rush for admission!
Recognised by International Christian Leaders & Senior Pastors for the past 56 years
Contact : The Chairman, Nehemiah Bible College.
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. **ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ :ਅੰਗਰੇਜੀ**, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ, ਉਰਦੂ, ਸਿਨਹਾਲਾ ਅਤੇ ਅਫਰੀਕਨ
3. **ਬਾਈਬਲ ਕੋਰ – ਬਾਈਬਲ ਬੁਨਿਆਦੀ ਕੋਰਸ (ਅੰਗ੍ਰੇਜ਼ੀ,ਤਮਿਲ ਅਤੇ ਹਿੰਦੀ)**
4. ਥਿਓਲੋਜਿਕਲ ਪੱਤਰ ਵਿਵਹਾਰ ਕਾਲਜ ਅੰਗਰੇਜੀ ਅਤੇ **ਤਾਮਿਲ**
5. ਨਹਮਯਾਹ ਬਾਈਬਲ ਕਾਲੇਜ : (ਚੇਪੌਕ,ਸੰਤੋਸ਼ਾਪੁਰਮ ਅਤੇ **ਵੇਲਾਚੇਰੀ)**
6. ਸ਼ਾਖਾ ਕਲੀਸਿਯਾਵਾਂ : **ਸੰਤੋਸ਼ਾਪੁਰਮ,ਬਾਲਾਜੀ ਨਗਰ ਅਤੇ ਵੇਲਾਚੇਰੀ**
7. ਮਹਾਨ ਉਦੇਸ਼ ਸਹਿਭਾਗੀ (ਪਾਸਟਰਾਂ ਦਾ ਨੇਟਵਰਕ)
8. ਟ੍ਰੇਨਿੰਗ ਪ੍ਰੋਗਰਾਮ – ਸੈਮਿਨਰੀ ਅਤੇ **ਰਿਟ੍ਰੀਟ**
9. ਚੰਗਾਈ ਸਭਾ (ਕਰੁਸੇਡ)
10. ਕਿਤਾਬਾਂ ਦੀ ਵੰਡ ਅਤੇ **ਫਾਲੋਅਪ ਕਰਨਾ** (ਅੱਗੇ ਦੀ ਕਾਰਵਾਈ ਕਰਨਾ)
11. ਇੰਜੀਲ ਦੀ ਪ੍ਰਿੰਟਿੰਗ ਪ੍ਰੈੱਸ : ਪ੍ਰਕਾਸ਼ਨ
12. ਸੇਂਟ ਪੌਲ ਮੇਟ੍ਰੀਕੁਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ
13. ਸੰਡੇ ਸਕੂਲ ਚੇਪੌਕ : 10:30 ਸਵੇਰੇ ਐਤਵਾਰ (ਵੇਲਾਚੇਰੀ,ਬਾਲਾਜੀ ਨਗਰ ਅਤੇ ਸੰਤੋਸ਼ਾਪੁਰਮ )**3:00 ਦੋਪਹਿਰ**
14. ਸਵੇਰੇ ਤੜਕੇ ਦੀ ਪ੍ਰਾਰਥਨਾ : 5::30 ਸਵੇਰੇ,ਐਤਵਾਰ
15. ਸ਼ੁਰੂਆਤੀ ਪ੍ਰਾਰਥਨਾ : 8:00 ਬਜੇ, ਸਵੇਰੇ ਐਤਵਾਰ
16. ਤਮਿਲ ਪ੍ਰਾਰਥਨਾ : 8:30 ਬਜੇ ਸਵੇਰੇ ਐਤਵਾਰ
17. ਜਵਾਨਾਂ ਦੀ ਸਭਾ : 11:00 ਬਜੇ ਸਵੇਰੇ ਐਤਵਾਰ
18. ਸੰਗਤ ਦੇ ਨਾਲ ਦੋਪਹਰ ਦਾ ਖਾਣਾ : 1:00 ਬਜੇ, ਦੋਪਹਰ ਐਤਵਾਰ
19. ਤੇਲਗੂ ਸਭਾ : 4:00 ਬਜੇ ਐਤਵਾਰ
20. ਹਿੰਦੀ ਸਭਾ : 5:00 ਬਜੇ ਸ਼ਾਮ ਐਤਵਾਰ
21. ਤਮਿਲ ਅਤੇ ਅੰਗ੍ਰੇਜ਼ੀਸਭਾ : 6:00 ਬਜੇ ਸ਼ਾਮ ਐਤਵਾਰ
22. ਫੀਡਬੇਕ ਸਮਾਂ ( ਅੱਗੇ ਦੀ ਕਾਰਵਾਈ) : 7:30 ਬਜੇ ਸਵੇਰੇ ਐਤਵਾਰ
23. ਔਰਤਾਂ ਦੀ ਪ੍ਰਾਰਥਨਾ : **5:30 ਪਹਿਲੇ ਬੁੱਧਵਾਰ**
24. ਹਿੰਦੀ ਪ੍ਰਾਰਥਨਾ : 7:00 ਬਜੇ ਬੁਧਵਾਰ
25. ਆਦਮੀਆਂ ਦੀ ਪ੍ਰਾਰਥਨਾ : **7:30 ਬਜੇ ਸ਼ਾਮ, ਸ਼ੁਕਰਵਾਰ**
26. ਚੇਲਿਆਂ ਦੀ ਪ੍ਰਾਰਥਨਾ : **6:00 ਸ਼ਾਮ ਬਜੇ ਸ਼ਨੀਵਾਰ**
27. ਘਰੇਲੂ ਪ੍ਰਾਰਥਨਾ : **6:30 ਬਜੇ ਸ਼ਾਮ, ਮੰਗਲਵਾਰ ਅਤੇ ਵੀਰਵਾਰ**
28. ਖਾਸ ਪ੍ਰਭੂ ਭੋਜ : 6 ਬਜੇ ਹਰੇਕ ਮਹੀਨੇ ਪਹਿਲੇ **ਦਿਨ ਸਵੇਰੇ**
29. ਸੇਵਕਾਂ ਦੀ ਸਭ : **5:30 ਸ਼ਾਮ, ਪਹਿਲੇ ਸ਼ਨੀਵਾਰ**
30. ਮਾਪਿਆਂ ਦੀ ਸਭਾ : **4:00 ਬਜੇ ਦੋਪਹਰ ਪਹਿਲੇ ਐਤਵਾਰ**
31. ਰਾਤ ਦੀ ਪ੍ਰਾਰਥਨਾ : **9:30 ਰਾਤ ਤੀਸਰੇ ਸ਼ੁਕਰਵਾਰ**
32. ਰੋਜ਼ਾ ਪ੍ਰਾਰਥਨਾ : **9:30 ਸਵੇਰੇ ਦੂਸਰੇ ਸ਼ਨੀਵਾਰ**
33. ਪ੍ਰਭੂ ਭੋਜ : **ਦੂਸਰੇ ਐਤਵਾਰ ਦੀ ਸਭਾ**
34. ਜਵਾਨਾਂ/ਬਚਿਆਂ ਦੀ ਪ੍ਰਾਰਥਨਾ : **10:00 ਬਜੇ,ਰਾਤ ਐਤਵਾਰ ਹਰ ਰੋਜ਼ (ਫੋਨ ਤੇ')**
35. ਸਟਾਫ਼ ਨਾਲ ਭਗਤੀ : 9 ਬਜੇ ਸਵੇਰੇ ਹਰ ਰੋਜ
36. ਦਫਤਰ : **9 ਬਜੇ ਸਵੇਰ ਤੋ 9:00 ਬਜੇ ਰਾਤ ਤੱਕ** (ਐਤਵਾਰ ਤੋਂ ਬਿਨਾਂ )

## Echo of His Call Postal Courses for candidates in India

### 1. BIBLECOR

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a Course Book entitled **New Life – For You!** **After the completion of this course, you will get a certificate. There will be no compulsory fees. You will be blessed!** - Editor

### 2. THEOLOGICAL CORRESPONDENCE COURSE

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

***For more details, write to us.***

**The Chairman, Nehemiah Bible College,**
**Echo of His Call, Post Box 2957**
CHEPAUK, CHENNAI - 600 005.
**Ph.: (044) 2852 8282, 2852 9293, 2854 7766,**
**Cell : 98410 71852, 95661 31858**
**E.mail : biblecor@yahoo.co.in**

## A good opportunity to get Echo of His Call monthly magazine at free of cost

If you could send the addresses of your friends / relatives through post, letter, e.mail, WhatsApp or phone to us, we will dispatch **Echo of His Call** monthly magazine to them at free of cost.

## TAX EXEMPTION

Donations by any individual or organization from India to **Echo of His Call Educational Trust** are eligible for Income Tax exemption under Section 80G of the Income Tax Act. Official receipts will be issued for this purpose. Please make your Demand Drafts / Cheques / M.O. for such donations in favour of **Echo of His Call Educational Trust** and send to us, along with your Aadhar Number and PAN for getting Income Tax Exemption.

| | | |
|---|---|---|
| **Account Name** | : | **ECHO OF HIS CALL EDUCATIONAL TRUST** |
| **Account Number** | : | **1023 2923 805** |
| **Bank Name** | : | **STATE BANK OF INDIA** |
| **Branch** | : | **TRIPLICANE, CHENNAI - 600 005** |
| **IFSC Code** | : | **SBIN 0000249** |
| **SWIFT Code** | : | **SBI NIN BB 455** |



# ਟੋਏ ਤੋਂ ਮਹੱਲ ਤੱਕ

## PIT TO PALACE

**(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)**

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

## ਉਹ ਪ੍ਰਭੂ ਜਿਸਨੇ ਮੇਰੀ ਨੀਵੀਂ ਹਾਲਤ ਵੱਲ ਧਿਆਨ ਦਿੱਤਾ!

**ਜਿਸ ਸਾਡੇ ਮੰਦੇ ਹਾਲ ਵਿੱਚ ਸਾਨੂੰ ਚੇਤੇ ਕੀਤਾ,ਉਹ ਦੀ ਦਯਾ ਸਦਾ ਦੀ ਹੈ।**
ਜ਼ਬੂਰ 136:23

ਆਪਣੀ ਸੇਵਕਾਈ ਦੇ ਸ਼ੁਰੂਆਤੀ ਦਿਨਾਂ ਦੌਰਾਨ, ਮੈਂ ਆਪਣੇ ਇੱਕ ਦੋਸਤ ਦੇ ਪਰਿਵਾਰ ਨਾਲ ਕੁਝ ਦਿਨਾਂ ਲਈ ਵਿਦੇਸ਼ ਵਿੱਚ ਰਿਹਾ ਸੀ। ਉਨ੍ਹਾਂ ਨੇ ਮੇਰੀਆਂ ਸਾਰੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਕੀਤੀਆਂ ਅਤੇ ਉੱਥੇ ਮੇਰਾ ਠਹਿਰਾਅ ਆਰਾਮਦਾਇਕ ਬਣਾਇਆ।

ਇੱਕ ਸ਼ਾਮ, ਮੇਰਾ ਦੋਸਤ ਜੋ ਮੇਰੀ ਮੇਜ਼ਬਾਨੀ ਕਰ ਰਿਹਾ ਸੀ, ਮੇਰੇ ਕਮਰੇ ਵਿੱਚ ਆਇਆ ਅਤੇ ਕਿਹਾ, "ਮੈਨੂੰ ਲੱਗਦਾ ਹੈ ਕਿ ਤੁਸੀਂ ਕਿਸੇ ਖਾਸ ਜ਼ਰੂਰਤ ਲਈ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰ ਰਹੇ ਹੋ। ਕੀ ਮੈਂ ਇਸ ਬਾਰੇ ਜਾਣ ਸਕਦਾ ਹਾਂ?

ਕੀ ਤੁਸੀਂ ਮੈਨੂੰ ਇਸ ਬਾਰੇ ਸਮਝਾਓਗੇ? ਮੈਂ ਜਵਾਬ ਦਿੱਤਾ, "ਅਸੀਂ ਆਪਣਾ ਰਸਾਲਾ ਉਸ ਦੇ ਬੁਲਾਵੇ ਦੀ ਗੂੰਜ ਹੋਰ ਕਿਸੀ ਛਪਾਈ ਦੇ ਕਾਰਖਾਨਿਆਂ ਵਿੱਚ ਛਾਪ ਰਹੇ ਹਾਂ।

ਕਿਉਂਕਿ ਸਾਨੂੰ ਇਸਨੂੰ ਸਮੇਂ ਸਿਰ ਪ੍ਰਕਾਸ਼ਿਤ ਕਰਨਾ ਬਹੁਤ ਮੁਸ਼ਕਲ ਲੱਗਦਾ ਹੈ, ਮੈਂ ਇੱਕ ਆਫਸੈੱਟ ਛਪਾਈ ਮਸ਼ੀਨ ਲਈ ਇੱਕ ਵੱਡੇ ਬੋਝ ਨਾਲ ਪ੍ਰਾਰਥਨਾ ਕਰ ਰਿਹਾ ਹਾਂ"। ਉਸਨੇ ਕਿਹਾ ਕਿ ਉਹ ਉਸ ਜ਼ਰੂਰਤ ਲਈ ਵੀ ਪ੍ਰਾਰਥਨਾ ਕਰੇਗਾ।

ਅਗਲੇ ਦਿਨ, ਜਦੋਂ ਮੈਂ ਸੇਵਕਾਈ ਲਈ ਘਰ ਛੱਡਣ ਵਾਲਾ ਸੀ, ਤਾਂ ਮੇਰਾ ਦੋਸਤ ਅਤੇ ਉਸਦੀ ਪਤਨੀ ਮੇਰੇ ਕੋਲ ਆਏ। ਉਨ੍ਹਾਂ ਨੇ ਮੈਨੂੰ ਉਹ ਦਸਤਾਵੇਜ਼ ਦਿਖਾਏ ਜਿਨ੍ਹਾਂ ਵਿੱਚ ਉਨ੍ਹਾਂ ਦੀ ਅਰਜ਼ੀ ਅਤੇ ਇੱਕ ਬੈਂਕ ਨੂੰ ਘੋਸ਼ਣਾ ਸ਼ਾਮਲ ਸੀ, ਜਿਸ ਵਿੱਚ ਉਨ੍ਹਾਂ ਨੇ ਇੱਕ ਵੱਡੀ ਰਕਮ ਪ੍ਰਾਪਤ ਕਰਨ ਲਈ ਆਪਣਾ ਘਰ ਗਿਰਵੀ ਰੱਖਣ ਦਾ ਫੈਸਲਾ ਕੀਤਾ ਸੀ, ਜਿਸ ਤੋਂ ਉਹ ਉਸ ਦੇ ਬੁਲਾਵੇ ਦੀ ਗੂੰਜ ਸੇਵਕਾਈ ਲਈ ਲੋੜੀਂਦੀ ਮਸ਼ੀਨ ਖਰੀਦਣਾ ਚਾਹੁੰਦੇ ਸਨ।

ਮੈਂ ਹੈਰਾਨ ਅਤੇ ਪਰੇਸ਼ਾਨ ਹੋ ਗਿਆ ਅਤੇ ਉਨ੍ਹਾਂ ਨੂੰ ਦ੍ਰਿੜਤਾ ਨਾਲ ਕਿਹਾ, "ਮੈਂ ਉਹ ਪੈਸਾ ਸਵੀਕਾਰ ਨਹੀਂ ਕਰਾਂਗਾ ਜੋ ਤੁਸੀਂ ਬੈਂਕ ਤੋਂ ਕਰਜ਼ੇ ਵਜੋਂ ਲੈਣ ਜਾ ਰਹੇ ਹੋ"।

ਉਹ ਪਰਿਵਾਰ ਮੇਰੇ ਰਵੱਈਏ ਤੋਂ ਹੈਰਾਨ ਸੀ। ਉਨ੍ਹਾਂ ਨੇ ਮੈਨੂੰ ਇੱਕ ਅਜਿਹਾ ਵਿਅਕਤੀ ਕਿਹਾ, "ਜੋ ਦੁਨੀਆਂ ਵਿੱਚ ਰਹਿਣਾ ਨਹੀਂ ਜਾਣਦਾ"। ਉਹ ਮੈਨੂੰ ਪੇਸ਼ਕਸ਼ ਸਵੀਕਾਰ ਕਰਨ ਲਈ ਮਨਾਉਂਦੇ ਰਹੇ। ਪਰ ਮੈਂ ਆਪਣੇ ਫੈਸਲੇ 'ਤੇ ਦ੍ਰਿੜ ਰਿਹਾ ਅਤੇ ਪ੍ਰਾਰਥਨਾ ਕਰਦਾ ਰਿਹਾ।

ਕੁਝ ਦਿਨਾਂ ਬਾਅਦ, ਮੈਂ ਭਾਰਤ ਵਾਪਸ ਆ ਗਿਆ। ਪ੍ਰਭੂ ਨੇ ਮੇਰੇ ਗਰੀਬ ਭਾਰਤੀ ਦੋਸਤਾਂ ਦੇ ਦਿਲਾਂ ਨੂੰ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੁਆਰਾ ਮੈਨੂੰ ਸਮੇਂ-ਸਮੇਂ 'ਤੇ ਦਿੱਤੀਆਂ ਗਈਆਂ ਭੇਟਾਂ ਨਾਲ ਮੈਂ ਇੱਕ ਚੰਗੀ ਆਫਸੈੱਟ ਮਸ਼ੀਨ ਖਰੀਦਣ ਦੇ ਯੋਗ ਹੋ ਗਿਆ।

ਮੈਂ ਅਨੁਭਵ ਕਰ ਸਕਿਆ ਅਤੇ ਚੱਖ ਸਕਿਆ, ਕਿ ਪ੍ਰਭੂ ਚੰਗਾ ਹੈ (ਜ਼ਬੂਰ **34:8**)। ਕਹਾਉਤਾਂ **28:20** ਦੇ ਅਨੁਸਾਰ ਪ੍ਰਭੂ ਦੀ ਕਿਰਪਾ ਮੈਨੂੰ ਸੰਭਾਲਦੀ ਹੈ। "ਇੱਕ ਵਫ਼ਾਦਾਰ ਆਦਮੀ ਅਸੀਸਾਂ ਨਾਲ ਭਰਪੂਰ ਹੋਵੇਗਾ"।

ਭਾਵੇਂ ਉਸ ਦੇ ਬੁਲਾਵੇ ਦੀ ਗੂੰਜ ਦੀ ਗੂੰਜ ਸੇਵਕਾਈ ਵਿੱਚ ਨਿਯਮਤ, ਨਿਸ਼ਚਿਤ ਆਮਦਨ ਨਹੀਂ ਹੁੰਦੀ, ਪ੍ਰਭੂ ਉਸ ਵਿੱਚ ਸਾਡੀ ਨਿਹਚਾ ਦੁਆਰਾ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਸਾਰੀ ਮਹਿਮਾ ਅਤੇ ਉਸਤਤ ਪਰਮੇਸ਼ੁਰ ਨੂੰ ਹੋਵੇ, ਆਮੀਨ।

*************

.....ਪੰਨਾ ਨੰਬਰ 6 ਤੋਂ ਅੱਗੇ

**ਅਦੋਮੀਆ ਨੂੰ ਮਾਰ ਕੇ ਮੁੜਿਆ ਤਾਂ ਸੇਈਰੀਆਂ ਦੇ ਦਿਓਤੀਆਂ ਨੂੰ ਲੈਂਦਾ ਆਇਆ ਅਤੇ ਉਨ੍ਹਾਂ ਦੀ ਉਪਾਸਨਾ ਕੀਤੀ (2 ਇਤਿਹਾਸ 25:14)**

ਇਸ ਬਾਰੇ ਸੋਚੋ:

ਪਰਮੇਸ਼ੁਰ ਨੇ ਉਸਨੂੰ ਜਿੱਤ ਦਿੱਤੀ

- ਹੰਕਾਰ ਪ੍ਰਵੇਸ਼ ਕੀਤਾ
- ਸਮਝਦਾਰੀ ਛੱਡ ਦਿੱਤੀ
- ਸਮਝੌਤਾ ਇਸ ਤੋਂ ਬਾਅਦ ਹੋਇਆ

ਉਸਨੇ ਹਾਰੇ ਹੋਏ ਲੋਕਾਂ ਦੇ ਦੇਵਤਿਆਂ ਅੱਗੇ ਮੱਥਾ ਟੇਕਿਆ। ਪਾਪ ਇਸ ਤਰ੍ਹਾਂ ਧੋਖਾ ਦੇਣ ਵਾਲਾ ਹੋ ਸਕਦਾ ਹੈ।

## (ਅ) ਸੁਧਾਰ ਨੂੰ ਤਿਆਗਣਾ

ਪਹਿਲਾਂ, ਅਮਸਯਾਹ ਨੇ ਤਾੜਨਾ ਸਵੀਕਾਰ ਕੀਤੀ ਸੀ। ਹੁਣ, ਹੰਕਾਰ ਨਾਲ ਭਰੇ ਹੋਏ, ਉਸਨੇ ਇਸਨੂੰ ਰੱਦ ਕਰ ਦਿੱਤਾ।

... ਤੁਸੀਂ ਉਨ੍ਹਾਂ ਲੋਕਾਂ ਦੇ ਉਨ੍ਹਾਂ ਦਿਓਤਿਆਂ ਦੇ ਅਭਿਲਾਸ਼ੀ ਕਿਉਂ ਹੋਏ ਜਿਨ੍ਹਾਂ ਨੇ ਆਪਣੇ ਹੀ ਲੋਕਾਂ ਨੂੰ ਤੁਹਾਡੇ ਹੱਥੋਂ ਨਾ ਛੁਡਾਇਆ? **2 ਇਤਹਾਸ 25:15**

ਅਮਸਯਾਹ ਨੇ ਹੰਕਾਰੀ ਢੰਗ ਨਾਲ ਜਵਾਬ ਦਿੱਤਾ:

**ਤੈਨੂੰ ਮੇਰਾ ਸਲਾਹਕਾਰ ਕਿਸਨੇ ਨਿਯੁਕਤ ਕੀਤਾ? (2** ਇਤਿਹਾਸ **25:16)**।

ਉਸਦੇ ਰਵੱਈਏ ਵਿੱਚ ਕਿੰਨਾ ਫ਼ਰਕ ਹੈ! ਜਿਸ ਪਲ ਅਸੀਂ ਪਰਮੇਸ਼ੁਰ ਦੀ ਤਾੜਨਾ ਸੁਣਨਾ ਬੰਦ ਕਰ ਦਿੰਦੇ ਹਾਂ, ਅਸੀਂ ਤਬਾਹੀ ਵੱਲ ਆਪਣਾ ਉਤਰਾਅ-ਚੜ੍ਹਾਅ ਸ਼ੁਰੂ ਕਰ ਦਿੰਦੇ ਹਾਂ। ਉਸਨੇ ਆਗਿਆਕਾਰੀ ਉਦੋਂ ਕੀਤੀ ਜਦੋਂ ਇਹ ਸੁਵਿਧਾਜਨਕ ਸੀ; ਪਰ ਜਦੋਂ ਆਗਿਆਕਾਰੀ ਅਸੁਵਿਧਾਜਨਕ ਹੋ ਗਈ, ਉਸਨੇ ਇਸਨੂੰ ਰੱਦ ਕਰ ਦਿੱਤਾ। ਇਹ ਪਾਪ ਨਹੀਂ ਹੈ ਜੋ ਸਾਨੂੰ ਪਹਿਲਾਂ ਤਬਾਹ ਕਰਦਾ ਹੈ - ਇਹ ਪਰਮੇਸ਼ੁਰ ਦੀ ਤਾੜਨਾ ਨੂੰ ਸਵੀਕਾਰ ਕਰਨ ਤੋਂ ਇਨਕਾਰ ਹੈ। ਇਸ ਸਾਲ ਲਈ ਮੇਰੀ ਪ੍ਰਾਰਥਨਾ ਹੈ ਕਿ ਪਰਮੇਸ਼ੁਰ ਸਾਨੂੰ ਹਰ ਕਦਮ 'ਤੇ ਉਸਦੀ ਆਵਾਜ਼ ਸੁਣਨ ਅਤੇ ਉਸਦੇ ਰਾਹਾਂ ਵਿੱਚ ਵਫ਼ਾਦਾਰੀ ਨਾਲ ਚੱਲਣ ਵਿੱਚ ਸਹਾਇਤਾ ਕਰੇ।

**ਜਦ ਤੁਸੀਂ ਸੱਜੇ ਨੂੰ ਮੁੜ ਜਦ ਤੁਸੀਂ ਖੱਬੇ ਨੂੰ ਮੁੜ ਅਤੇ ਤੁਹਾਡੇ ਕੰਨ ਤੁਹਾਡੇ ਪਿੱਛੋਂ ਏਹ ਗੱਲ ਸੁਣਨਗੇ ਕੀ ਤੁਹਾਡਾ ਰਾਹ ਏਹੋ ਈ ਹੈ, ਏਸ ਵਿੱਚ ਚੱਲੋ ਯਸਾਯਾਹ 30:21**

ਸਭ ਤੋਂ ਵੱਧ, ਸਾਨੂੰ ਪੂਰੀ ਤਰ੍ਹਾਂ ਸਮਰਪਣ ਕਰਨਾ ਸਿੱਖਣਾ ਚਾਹੀਦਾ ਹੈ ਅਤੇ ਉਸ ਮਾਰਗਦਰਸ਼ਕ ਆਵਾਜ਼ ਦੀ ਪਾਲਣਾ ਕਰਨੀ ਚਾਹੀਦੀ ਹੈ।

### (ਞ) ਸਮਝੌਤਾ ਘੁਮੰਡ,ਧੋਖੇ ਅੰਨੇਪਣ ਵੱਲ ਲੈ ਜਾਂਦਾ ਹੈ।

ਸਮਝੌਤਾ ਇੱਕ ਖ਼ਤਰਨਾਕ ਲੜੀ ਪ੍ਰਤੀਕਿਰਿਆ ਪੈਦਾ ਕਰਦਾ ਹੈ:• ਹੰਕਾਰ• ਮੂਰਤੀ ਪੂਜਾ• ਸਲਾਹ ਨੂੰ ਰੱਦ ਕਰਨਾ• ਸਵੈ-ਨਿਰਭਰਤਾ• ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਕਰਨਾ• ਮੂਰਖਤਾਪੂਰਨ ਫੈਸਲੇ ਸਮਰਪਣ ਤੋਂ ਬਿਨਾਂ ਵਚਨਬੱਧਤਾ ਹਮੇਸ਼ਾ ਸਮਝੌਤਾ ਵੱਲ ਲੈ ਜਾਂਦੀ ਹੈ।

## 3.ਨਤੀਜਾ

ਜਿਸ ਚੀਜ਼ ਦਾ ਤੁਸੀਂ ਸਮਰਪਣ ਨਹੀਂ ਕਰਦੇ ਉਹ ਤੁਹਾਨੂੰ ਨਾਸ਼ ਕਰ ਦੇਵੇਗੀ1

(2 ਇਤਿਹਾਸ 25:17-28)

### ੳ. ਇੱਕ ਲੜਾਈ ਜਿਸਨੂੰ ਪਰਮੇਸ਼ੁਰ ਨੇ ਅਧਿਕਾਰ ਨਹੀਂ ਦਿੱਤਾ।

ਆਪਣੀ ਸਫਲਤਾ 'ਤੇ ਮਾਣ ਕਰਦੇ ਹੋਏ, ਅਮਸਯਾਹ ਨੇ ਇਸਰਾਏਲ ਦੇ ਰਾਜੇ ਨੂੰ ਯੁੱਧ ਲਈ ਚੁਣੌਤੀ ਦਿੱਤੀ। ਪਰਮੇਸ਼ੁਰ ਉਸ ਦੇ ਨਾਲ ਨਹੀਂ ਸੀ। ਪਰਮੇਸ਼ੁਰ ਤੋਂ ਬਿਨਾਂ ਵਿਸ਼ਵਾਸ ਖ਼ਤਰਨਾਕ ਹੈ। ਉਸਨੇ ਮੰਨਿਆ ਕਿ ਸਫਲਤਾ ਪਰਮੇਸ਼ੁਰ ਦੀ ਪ੍ਰਵਾਨਗੀ ਦਾ ਸਬੂਤ ਹੈ। ਇਸਰਾਏਲ ਦੇ ਰਾਜੇ ਨੇ ਉਸਨੂੰ ਇੱਕ ਦ੍ਰਿਸ਼ਟਾਂਤ ਨਾਲ ਚੇਤਾਵਨੀ ਦਿੱਤੀ ਪਰ ਅਮਸਯਾਹ ਨੇ ਇਸਨੂੰ ਅਣਡਿੱਠ ਕਰ ਦਿੱਤਾ।

ਜਦੋਂ ਕਿਸੇ ਵਿਅਕਤੀ ਦਾ ਦਿਲ ਪਰਮੇਸ਼ੁਰ ਅੱਗੇ ਸਮਰਪਿਤ ਨਹੀਂ ਹੁੰਦਾ, ਤਾਂ ਉਹ ਹਰ ਕਿਸੇ ਦੀ ਗੱਲ ਸੁਣਨਾ ਬੰਦ ਕਰ ਦਿੰਦਾ ਹੈ, ਇੱਥੋਂ ਤੱਕ ਕਿ ਜਿਸਨੂੰ ਪਰਮੇਸ਼ੁਰ ਭੇਜਦਾ ਹੈ, ਉਸਦੀ ਵੀ।

### ਅ. ਸਿਆਣਪ ਭਰੀਆਂ ਚੇਤਾਵਨੀਆਂ ਨੂੰ ਅਣਡਿੱਠ ਕਰਨਾ!

ਦੁਸ਼ਮਣ ਨੇ ਵੀ ਅਮਸਯਾਹ ਦੇ ਹੰਕਾਰ ਨੂੰ ਪਛਾਣ ਲਿਆ:

**ਤੇਰੇ ਮਨ ਦਾ ਘੁਮੰਡ ਤੈਨੂੰ ਚੁੱਕਦਾ ਹੈ। ਘਰੇ ਰਹੁ।** (2 **ਇਤਹਾਸ** 25:19)

ਜਦੋਂ 'ਹੰਕਾਰ' ਸਾਨੂੰ ਸੱਚਾਈ ਤੋਂ ਅੰਨ੍ਹਾ ਕਰ ਦਿੰਦਾ ਹੈ ਤਾਂ ਅਸੀਂ ਆਮ ਸਮਝ ਨੂੰ ਵੀ ਸੁਣਨਾ ਬੰਦ ਕਰ ਦਿੰਦੇ ਹਾਂ। ਕਾਸ਼ ਪ੍ਰਭੂ ਸਾਨੂੰ ਇਸ ਮੂਰਖਤਾ ਤੋਂ ਬਚਾਵੇ।

### ੲ. ਅਮਸਯਾਹ ਲਈ ਪੂਰੀ ਤਰ੍ਹਾਂ ਵਿਨਾਸ਼ !



ਸਮਝੌਤੇ ਕਾਰਨ:
ਉਸਦੀ ਫੌਜ ਹਾਰ ਗਈ
• ਯਰੂਸ਼ਲਮ ਦੀ ਕੰਧ ਟੁੱਟ ਗਈ
• ਮੰਦਰ ਲੁੱਟਿਆ ਗਿਆ
• ਉਸਨੂੰ ਫੜ ਲਿਆ ਗਿਆ
• ਉਸਦੀ ਜ਼ਿੰਦਗੀ ਸ਼ਰਮ ਅਤੇ ਸਾਜ਼ਿਸ਼ ਵਿੱਚ ਖਤਮ ਹੋ ਗਈ
ਜਿਸ ਆਦਮੀ ਨੇ ਵਚਨਬੱਧਤਾ ਸ਼ੁਰੂ ਕੀਤੀ, ਉਹ ਪੂਰੀ ਤਰ੍ਹਾਂ ਟੁੱਟ ਗਿਆ।
ਕਿਉਂ?
ਕਿਉਂਕਿ ਉਸਨੇ ਸਹੀ ਕੀਤਾ - ਪਰ ਵਫ਼ਾਦਾਰ ਦਿਲ ਨਾਲ ਨਹੀਂ।
ਉਹ ਹੌਲੀ-ਹੌਲੀ ਡਿੱਗਦੇ ਹਨ - ਛੋਟੇ ਸਮਝੌਤਿਆਂ ਰਾਹੀਂ।
ਵਚਨਬੱਧਤਾ ----- ਸਮਝੌਤਾ ----- ਨਤੀਜਾ

### ੲ .ਇੱਕ ਅੰਤਮ ਸੱਦਾ , ਪੂਰਾ ਸਮਰਪਣ ਚੁਣੋ

ਪਿਆਰੇ ਦੋਸਤੋ, ਪਰਮੇਸ਼ੁਰ ਸੰਪੂਰਨਤਾ ਦੀ ਮੰਗ ਨਹੀਂ ਕਰ ਰਿਹਾ ਹੈ - ਪਰ ਉਹ ਪੂਰੇ ਦਿਲ ਨਾਲ ਭਗਤੀ ਦੀ ਮੰਗ ਕਰ ਰਿਹਾ ਹੈ।
ਵਚਨਬੱਧਤਾ ਚੰਗੀ ਹੈ
• ਅੰਸ਼ਕ ਸਮਰਪਣ ਖ਼ਤਰਨਾਕ ਹੈ
• ਸਮਝੌਤਾ ਵਧੇਗਾ
• ਨਤੀਜੇ ਨਿਕਲਣਗੇ
ਪਿਆਰ ਅਤੇ ਦਇਆ ਤੋਂ, ਪਰਮੇਸ਼ੁਰ ਸਾਨੂੰ ਬੁਲਾਉਂਦਾ ਹੈ:
"ਉਸ ਵੱਲ ਕਿਉਂ ਮੁੜਨਾ ਜੋ ਤੁਹਾਨੂੰ ਨਹੀਂ ਬਚਾ ਸਕਦਾ? ਵਾਪਸ ਆਓ। ਪੂਰੀ ਤਰ੍ਹਾਂ ਸਮਰਪਣ ਕਰੋ।"

ਯਿਸੂ ਨੇ ਸਲੀਬ 'ਤੇ ਆਪਣੀ ਜਾਨ ਦਿੱਤੀ ਤਾਂ ਜੋ ਤੁਸੀਂ ਅਤੇ ਮੈਂ ਪੂਰੀ ਤਰ੍ਹਾਂ ਸਮਰਪਿਤ ਜੀਵਨ ਜੀ ਸਕੀਏ।

ਵਾਪਸ ਆਓ। ਪੂਰੀ ਤਰ੍ਹਾਂ ਸਮਰਪਣ ਕਰੋ।" ਪਰਮੇਸ਼ੁਰ ਵੱਲ ਵਾਪਸ ਜਾਓ - ਉਹ ਖੁੱਲ੍ਹੀਆਂ ਬਾਹਾਂ ਨਾਲ ਉਡੀਕ ਕਰ ਰਿਹਾ ਹੈ। ਆਓ ਅਸੀਂ ਉਸ ਫਿਸਲਣ ਵਾਲੇ ਰਸਤੇ 'ਤੇ ਨਾ ਚੱਲੀਏ ਜਿਸਨੇ ਅਮਸਯਾਹ ਨੂੰ ਕੁਰਾਹੇ ਪਾਇਆ। ਇਹੀ ਕਾਰਨ ਹੈ ਕਿ ਮਸੀਹ ਸੰਸਾਰ ਵਿੱਚ ਆਇਆ ਅਤੇ ਤੁਹਾਨੂੰ ਅਤੇ ਮੈਨੂੰ ਛੁਡਾਉਣ ਲਈ ਕਲਵਰੀ ਦੀ ਸਲੀਬ 'ਤੇ ਆਪਣੀ ਜਾਨ ਦੇ ਦਿੱਤੀ।

## ਆਓ ਵਿਚਾਰ ਕਰੀਏ

• ਕੀ ਅਸੀਂ ਕੁਝ ਖੇਤਰਾਂ ਵਿੱਚ ਵਚਨਬੱਧ ਹਾਂ ਪਰ ਦੂਜਿਆਂ ਵਿੱਚ ਸਮਝੌਤਾ ਕੀਤਾ ਹੈ?
• ਅਸੀਂ ਕਿਹੜੇ "ਉੱਚ ਸਥਾਨਾਂ" ਨੂੰ ਢਾਹ ਨਹੀਂ ਦਿੱਤਾ - ਕੁੜੱਤਣ, ਗੁਪਤ ਆਦਤਾਂ, ਨਸ਼ੇ?
• ਸਾਡੇ ਦਿਲ ਦਾ ਕਿਹੜਾ ਹਿੱਸਾ ਪਰਮੇਸ਼ੁਰ ਪ੍ਰਤੀ ਪੂਰੀ ਤਰ੍ਹਾਂ ਵਫ਼ਾਦਾਰ ਨਹੀਂ ਹੈ?

ਆਓ ਆਪਾਂ ਪ੍ਰਾਰਥਨਾ ਕਰੀਏ ਅਤੇ 2026 ਨੂੰ ਪ੍ਰਭੂ ਦੀ ਨਜ਼ਰ ਵਿੱਚ ਸਹੀ ਕੰਮ ਕਰਦੇ ਹੋਏ - ਵਫ਼ਾਦਾਰ ਦਿਲ ਨਾਲ ਪੂਰਾ ਕਰਨ ਦੀ ਕੋਸ਼ਿਸ਼ ਕਰੀਏ।

*************

**NOTICE**

Save our mobile numbers (+91) 98410 71858, (+91) 98412 71858 (main numbers) in your mobile phones.

- Editor

Posted at "Egmore RMS Patrika Channel" RNI NO. TNPUN/2000/1914, Postal Regn. No. TN/CH/(C)/192/24-26 WPP NO. TN/PMG(CCR)/WPP-263/24-26

## OUR BANK DETAILS:

**1. Bank : State Bank of India**

Branch : Triplicane, Chennai-5
Name : S. Sam Selva Raj
A/C No. : 1023 2934 679
IFSC : SBIN 00 00 249
SWIFT CODE : SBI NIN BB 455

**2. Bank : ICICI Bank**

Branch : Anna Salai, Chennai-6
Name : Echo of His Call
A/C No. : 6038 0502 2319
IFSC : ICIC 000 6038

**3. Bank : State Bank of India**

(This Account is for Tax Exemption for Indians only )

Branch : Triplicane, Chennai-5
Name : Echo of His Call Educational Trust
A/C No. : 1023 2923 805
IFSC : SBIN 00 00 249

## OUR QR CODE:

ECHO OF HIS CALL

Google Pay: 98410 71858
PayPal : SAM SELVA RAJ
*****
E.mail : sam@echoofhiscall.org

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੂਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

ਸਲਾਨਾ ਚੰਦਾ 100/- ਰੁ: ਜੀਵਨ ਭਰ ਲਈ ਚੰਦਾ: 2000/- ਰੁ:

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.) ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :

**ECHO OF HIS CALL**

10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.org

**YOU CAN SEND YOUR DONATION ONLINE ALSO**

RNI NO. 2000/1914
Postal Regn. No. TN/CH/(C)/192/24-26
WPP NO. TN/PMG(CCR) / WPP- 263/24-26
Date of Publication: Third week of every month
Date of Posting : 19th & 20th of every month
Posted at "Egmore RMS Patrika Channel"
on 20th FEBRUARY 2026
If un-delivered please return to:
ECHO OF HIS CALL (PUNJABI)
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766

*JESUS LOVES YOU!*

To

*GOD BLESS YOU!*

Owned and published by **S. Sam Selva Raj** from New No. 8 & 10, Old No.18 & 19, Mohammed Abdullah 2nd Street, Chepauk, Chennai-600 005 and printed by **S. Sam Selva Raj at Echo of His Call Printers,** New No. 8 & 10, Old No.18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**